**CLASS : 10th (Secondary)** **Code No. A**

# ਅਭਿਆਸ ਪ੍ਰਸ਼ਨ ਪੱਤਰ (2022-23)

ਪੰਜਾਬੀ

PUNJABI

(Academic / Open)

ਸਮਾਂ : 3 ਘੰਟੇ ਕੁਲ ਅੰਕ : 80

* ਕ੍ਰਿਪਾ ਜਾਂਚ ਕਰ ਲਓ ਕਿ ਇਸ ਪ੍ਰਸ਼ਨ-ਪੱਤਰ ਵਿੱਚ ਛਪੇ ਪੰਨਿਆਂ ਦੀ ਸੰਖਿਆ 4 ਅਤੇ ਪ੍ਰਸ਼ਨ 11 ਹਨ ।
* ਪ੍ਰਸ਼ਨ-ਪੱਤਰ ਵਿੱਚ ਸੱਜੇ ਪਾਸੇ ਦਿੱਤੇ ਹੋਏ ਕੋਡ ਨੰਬਰ ਅਤੇ ਸੈਟ ਨੂੰ ਵਿਦਿਆਰਥੀ ਉੱਤਰ ਪੁਸਤਕਾਂ ਦੇ ਮੁੱਖ ਪੰਨੇ ਤੇ ਲਿਖਣ ।
* ਕ੍ਰਿਪਾ ਪ੍ਰਸ਼ਨ ਦਾ ਉੱਤਰ ਲਿਖਣਾ ਸ਼ੁਰੂ ਕਰਨ ਤੋਂ ਪਹਿਲਾਂ ਪ੍ਰਸ਼ਨ ਦਾ ਕ੍ਰਮਾਂਕ ਜ਼ਰੂਰ ਲਿਖੋ ।
* ਆਪਣੀ ਉੱਤਰ ਪੁਸਤਿਕਾ ਵਿੱਚ ਖਾਲੀ ਪੰਨਾ / ਪੰਨੇ ਨਾ ਛੱਡੋ ।
* ਉੱਤਰ ਪੁਸਤਕਾਂ ਦੇ ਇਲਾਵਾ ਕੋਈ ਹੋਰ ਸ਼ੀਟ ਨਹੀਂ ਮਿਲੇਗੀ । ਇਸ ਲਈ ਢੁਕਵੇਂ ਹੀ ਲਿਖੋ ਅਤੇ ਲਿਖਿਆ ਉੱਤਰ ਨਾ ਕੱਟੋ ।
* ਪ੍ਰੀਖਿਆਰਥੀ ਆਪਣਾ ਰੋਲ ਨੰਬਰ ਪ੍ਰਸ਼ਨ-ਪੱਤਰ ਤੇ ਜ਼ਰੂਰ ਲਿਖਣ । ਪ੍ਰਸ਼ਨ ਪੱਤਰ ਵਿੱਚ ਰੋਲ ਨੰਬਰ ਤੋਂ ਇਲਾਵਾ ਕੁੱਝ ਵੀ ਨਾ ਲਿਖੋ।
* ਕ੍ਰਿਪਾ ਪ੍ਰਸ਼ਨਾਂ ਦੇ ਉੱਤਰ ਦੇਣ ਤੋਂ ਪਹਿਲਾਂ ਇਹ ਦੇਖ ਲੋ ਕਿ ਪ੍ਰਸ਼ਨ ਉਤਰ ਪੂਰਾ ਅਤੇ ਠੀਕ ਹੈ । ਪਰੀਖਿਆ ਦੇ ਬਾਅਦ ਵਿਚ ਇਸ ਸਬੰਧ ਵਿਚ ਕੋਈ ਵੀ ਦਾਅਵਾ ਨਹੀਂ ਮੰਨਿਆ ਜਾਵੇਗਾ।
* ਹਰ ਇਕ ਪ੍ਰਸ਼ਨ ਦੇ ਅੱਗੇ ਅੰਕ ਦਿੱਤੇ ਗਏ ਹਨ ।

ਸਾਰੇ ਪ੍ਰਸ਼ਨ ਜ਼ਰੂਰੀ ਹਨ ।

1 (1) ਸੁਰਜੀਤ ਫੁੱਟਬਾਲ ਖੇਡਦਾ ਹੈ । ( ਨਾਂਵ ਦੀ ਪਦ-ਵੰਡ ਕਰੋ ।) 3
(2) ਮੈਂ ਝੂਠ ਨਹੀਂ ਬੋਲਦਾ ( ਹਾਂ ਵਾਚਕ ਵਾਕ ਬਣਾਓ ।) 1
(3) ਸਾਇੰਸ ਦੇ ਲਾਭ ਦੱਸੋ । (ਪ੍ਰਸ਼ਨ ਵਾਚਕ ਵਾਕ ਬਣਾਓ) 1
(4) ਉਹ ਬੜਾ ਜ਼ਿੱਦੀ ਵੀ ਹੈ ਤੇ ਮੂਰਖ ਵੀ । ( ਸਾਧਾਰਨ ਵਾਕ ਬਣਾਓ) 1

2 (1) ਮਿਹਨਤ ਦਾ ਹੁੰਦਾ ਹੈ ਫ਼ੱਲ ਮਿੱਠਾ ( ਵਾਕ ਨੂੰ ਸਹੀ ਕਰਕੇ ਲਿਖੋ ) 1
(2) ਹੇਠ ਲਿਖੇ ਸ਼ਬਦਾਂ ਨੂੰ ਸ਼ੁੱਧ ਕਰਕੇ ਲਿਖੋ । 1*1=2
ਸੰਡਾ, ਜਰੂਰੀ

3 ਵਿਸ਼ਰਾਮ ਚਿੰਨ੍ਹ ਲਾਓ । 3
ਹਾਇ ਮੇਰੇ ਚੰਨ ਪੁੱਤ ਨੂੰ ਕੀ ਹੋ ਗਿਆ

ਕਿਸੇ ਦੋ ਮੁਹਾਵਰਿਆਂ ਦੇ ਅਰਥ ਦੱਸ ਕੇ ਵਾਕ ਵਿਚ ਵਰਤੋ । 1*3=3
(1) ਹੱਥ ਪੀਲੇ ਕਰਨਾ
(2) ਅੱਖ ਲੱਗਣੀ
(3) ਇਟ ਘੜੇ ਦਾ ਵੈਰ
ਅਧੂਰਾ ਅਖਾਣ ਪੂਰਾ ਕਰੋ।
(4) ਉਲਟਾ ਚੋਰ ------ ਨੂੰ ਡਾਂਟੇ।

5 ਹੇਠ ਲਿਖੇ ਪੈਰੇ ਨੂੰ ਧਿਆਨ ਨਾਲ ਪੜ੍ਹਦੇ ਹੋਏ ਪੁੱਛੇ ਗਏ ਪ੍ਰਸ਼ਨਾਂ ਦੇ ਉੱਤਰ ਲਿਖੋ ।

ਧਰਤੀ ਸਾਡੀ ਮਾਂ ਹੈ ਇਹ ਸਾਨੂੰ ਅਨਾਜ ਫਲ ਅਤੇ ਸਬਜ਼ੀਆਂ ਦਿੰਦੀ ਹੈ।ਸਾਡੀ ਅਗਿਆਨਤਾ ਕਾਰਨ ਧਰਤੀ ਵੀ ਬਹੁਤ ਦੂਸ਼ਿਤ ਹੋ ਗਈ ਹੈ। ਘਰੇਲੂ ਸੀਵਰੇਜ ਤੇ ਜ਼ਹਿਰੀਲੇ ਤੱਤ ਮਿੱਟੀ ਵਿੱਚ ਮਿਲ ਕੇ ਧਰਤੀ ਨੂੰ ਪ੍ਰਦੂਸ਼ਿਤ ਕਰ ਦਿੰਦੇ ਹਨ ਜਿਸ ਨਾਲ ਧਰਤੀ ਦੀ ਉਪਜਾਊ ਸ਼ਕਤੀ ਖ਼ਤਮ ਹੋ ਜਾਂਦੀ ਹੈ। ਫ਼ਸਲਾਂ ਦੀ ਪੈਦਾਵਾਰ ਵਧਾਉਣ ਲਈ ਵਰਤੀ ਜਾਣ ਵਾਲੀ ਰਸਾਇਣਿਕ ਖਾਦ ਅਤੇ ਕੀੜੇ ਮਾਰਨ ਵਾਲੀਆਂ ਦਵਾਇਆ ਮਿੱਟੀ ਨੂੰ ਜ਼ਹਿਰੀਲਾ ਕਰ ਦਿੰਦੀਆਂ ਹਨ।

1 ਪ੍ਰਸ਼ਨ : ਧਰਤੀ ਕਿਸ ਕਾਰਨ ਦੂਸ਼ਿਤ ਹੋ ਰਹੀ ਹੈ? 2
2 ਪ੍ਰਸ਼ਨ : ਖਾਦਾਂ ਅਤੇ ਦਵਾਈਆਂ ਮਿੱਟੀ ਨੂੰ ਕਿਸ ਤਰ੍ਹਾਂ ਦਾ ਬਣਾ ਦਿੰਦੀਆਂ ਹਨ? 2
3 ਪ੍ਰਸ਼ਨ : ਪੈਰੇ ਦਾ ਢੁੱਕਵਾਂ ਸਿਰਲੇਖ ਲਿਖੋ । 1

6 ਹੇਠ ਲਿਖੇ ਵਿਸ਼ਿਆਂ ਵਿੱਚੋਂ ਕਿਸੇ ਇਕ 'ਤੇ ਲਗਪਗ 250 ਸ਼ਬਦਾਂ ਦਾ ਲੇਖ ਲਿਖੋ :- 5
1 ਵਿਦਿਆਰਥੀ ਅਤੇ ਅਨੁਸ਼ਾਸਨ
2 ਗੁਰੂ ਨਾਨਕ ਦੇਵ ਜੀ
3 ਦੇਸ਼ ਭਗਤੀ ਜਾਂ ਦੇਸ਼ ਪਿਆਰ
4 ਦਾਜ ਪ੍ਰਥਾ
5 ਬੇਰੁਜ਼ਗਾਰੀ

7 ਸਕੂਲ ਦੇ ਮੁੱਖ ਅਧਿਆਪਕ ਨੂੰ ਆਪਣੀ ਗਰੀਬੀ ਦੀ ਹਾਲਤ ਦੱਸ ਕੇ ਫ਼ੀਸ ਮਾਫ਼ੀ ਲਈ ਬੇਨਤੀ ਪੱਤਰ ਲਿਖੋ । 5

ਜਾਂ

ਤੁਹਾਡਾ ਛੋਟਾ ਭਰਾ ਸਿਨੇਮਾ ਬਹੁਤ ਦੇਖਦਾ ਹੈ, ਉਸ ਨੂੰ ਇਕ ਚਿੱਠੀ ਰਾਹੀ ਪੜ੍ਹਾਈ ਕਰਨ ਦੀ ਪ੍ਰੇਰਨਾ ਦਿਓ ।

8 ਕਿਸੇ ਇੱਕ ਕਾਵਿ ਟੋਟੇ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ । 5

ਮਾਣ ਬਖ਼ਸ਼ਿਆ ਰੁੱਖਾਂ ਨੂੰ ਗੁਰੂ ਨਾਨਕ ਗੌਤਮ ਬੁੱਧ
ਰੁੱਖ ਹੀ ਕਰਦੇ ਰਹਿੰਦੇ ਸਾਡਾ ਵਾਯੂ-ਮੰਡਲ ਸ਼ੁੱਧ ।
ਰੁੱਖ-ਬੂਟੇ ਹੀ ਕੱਟੇ ਗਏ ਤਾਂ ਕੌਣ ਕਰੇਗਾ ਛਾਵਾਂ
ਰੁੱਖਾਂ ਬਾਜੋ ਧਰਤੀ ਜਿਵੇਂ ਬਿਨ ਬੱਚਿਆ ਦੀਆਂ ਮਾਵਾਂ ।

ਜਾਂ

ਆਪਣੀ ਕਿਰਤ 'ਚੋਂ ਕੱਢ ਦਸਵਾਂ
ਲੋੜਵੰਦਾਂ ਦੇ ਲੇਖੇ ਲਾ ਦੇਣਾ ।
ਭੁੱਖਾ ਕੋਈ ਦੁਆਰਾ ਟੁੱਕ ਮੰਗੇ
ਭੋਜਨ ਉਸ ਤਾਈਂ ਤੁਸੀਂ ਛਕਾ ਦੇਣਾ ।

9 ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਦੀ 50-60 ਸ਼ਬਦਾਂ ਵਿੱਚ ਲੇਖੋ । 3*7= 21

(1) ਮੁਟਿਆਰਾਂ ਦੇ ਜੀਵਨ ਵਿੱਚ ਰੁੱਖਾਂ ਦੀ ਕੀ ਮਹੱਤਤਾ ਹੈ?
(2) ਬੱਚੇ ਦਾ ਹੱਥ ਤੋੜਨ ਦਾ ਕੀ ਕਾਰਨ ਸੀ ?
(3) ਪੰਜਾਬੀ ਜ਼ਮੀਨਾਂ ਵੇਚ ਕੇ ਕੀ ਖ਼ਰੀਦ ਰਹੇ ਹਨ ?
(4) ਅਧਿਆਪਕ ਮੋਹਨ ਲਾਲ ਨੂੰ ਕਿਸ ਦਾ ਡਰ ਸੀ ।
(5) ਦੋਹਾਂ ਗੁਆਂਢਣਾਂ ਵਿੱਚ ਅਣਬਣ ਦਾ ਕੀ ਕਾਰਨ ਸੀ ? 'ਦੁਸ਼ਮਣੀ'
(6) ਬੇਬੇ ਰਾਮ ਭਜਨੀ ਕੌਣ ਹੈ?
(7) ਤੋਤਾ ਮੈਨਾ ਕਿੱਥੇ ਬੈਠੇ ਸਨ ? ਇਨ੍ਹਾਂ ਦੇ ਗੀਤ ਰਾਹੀਂ ਇਕਾਂਗੀਕਾਰ ਕੀ ਸੁਨੇਹਾ ਦੇ ਰਿਹਾ ਹੈ?

10 ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਦੀ 30-40 ਸ਼ਬਦਾਂ ਵਿੱਚ ਲੇਖੋ । 2*7= 14

(1) ਗੂੜ੍ਹੀ ਨੀਂਦ ਸੌਣ ਨਾਲ ਕੀ ਹੁੰਦਾ ਹੈ ?
(2) ਈਅਰ ਫੋਨ ਦੇ ਨੁਕਸਾਨ ਦਸੋ ?
(3) ਕਿਸਾਨ ਰਾਜੇ ਦੇ ਵਜ਼ੀਰ ਨੂੰ ਕਿਵੇਂ ਮਾਰਦਾ ਕੁੱਟਦਾ ਹੈ?
(4) ਬੀਬੀ ਭਾਨੀ ਜੀ ਦੇ ਮੁੱਢਲੇ ਜੀਵਨ ਉੱਤੇ ਰੌਸ਼ਨੀ ਪਾਓ ।
(5) ਮਿਲਖਾ ਸਿੰਘ ਨੂੰ ਫਲਾਇੰਗ ਸਿੱਖ ਦਾ ਖ਼ਿਤਾਬ ਸਭ ਤੋਂ ਪਹਿਲਾਂ ਕਿੱਥੇ ਮਿਲਿਆ ?
(6) ਡਾ. ਅਬਦੁਲ ਕਲਾਮ ਦੀ ਰਹਿਣੀ-ਬਹਿਣੀ ਕਿਹੋ ਜਿਹੀ ਸੀ ?
(7) ਨਾਨਕ ਸਿੰਘ ਦੇ ਨਾਵਲਾਂ ਦੇ ਵਿਸ਼ੇ ਕਿਹੋ ਜਿਹੇ ਹਨ ?

11 ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਲਿਖੋ । 1*10 = 10

(1) 'ਕਿਤਾਬਤ' ਤੋਂ ਕੀ ਭਾਵ ਹੈ ?
(i) ਚਿੱਠੀ (ii) ਅਖ਼ਬਾਰ (iii) ਰਸਾਲਾ (iv) ਉਪਰੋਕਤ ਸਾਰੇ
(2) ਧੀ ਕਿਤਾਬਾਂ ਕਿੱਥੋਂ ਲੈ ਕੇ ਪੜ੍ਹਨ ਲਈ ਕਹਿ ਰਹੀ ਹੈ ? 'ਕੁੱਖ ਦੀ ਆਵਾਜ਼'
(i) ਦੁਕਾਨ ਤੋਂ (ii) ਗੁਆਂਢਣ ਤੋਂ (iii) ਸਹੇਲੀ ਤੋਂ (iv) ਭਰਾ ਕੋਲੋਂ
(3) 'ਆਦਤਾਂ' ਲੇਖ ਦਾ ਲੇਖਕ ਕੌਣ ਹੈ ?
(i) ਪੂਰਨ ਸਿੰਘ (ii) ਰਾਜਿੰਦਰ ਸਿੰਘ (iii) ਭਾਈ ਵੀਰ ਸਿੰਘ (iv) ਮੋਹਨ ਸਿੰਘ
(4) ਕਾਫ਼ਲਾ ਕਿਹੜੇ ਰੰਗ ਦੇ ਪੱਥਰਾਂ ਵਿੱਚੋਂ ਲੰਘਿਆ ?
(i) ਲਾਲ ਰੰਗ ਦੇ (ii) ਕਾਲੇ ਰੰਗ ਦੇ (iii) ਸਲੇਟੀ ਰੰਗ ਦੇ (iv) ਪੀਲੇ ਰੰਗ ਦੇ
(5) ਰੋਹਿਤ ਨੂੰ ਕਿਹੜੀ ਸਵਾਰੀ ਕਰ ਕੇ ਮਜ਼ਾ ਆ ਰਿਹਾ ਸੀ ?
(i) ਬੱਸ ਦੀ (ii) ਕਾਰ ਦੀ (iii) ਰਿਕਸ਼ੇ ਦੀ (iv) ਟਾਂਗੇ ਦੀ
(6) ਮੀਨਾਕਸ਼ੀ ਨੂੰ ਠੀਕ ਹੋਣ ਵਿੱਚ ਕਿੰਨੇ ਮਹੀਨੇ ਲੱਗੇ ?
(i) ਤਿੰਨ (ii) ਚਾਰ (iii) ਪੰਜ (iv) ਛੇ
(7) ਭੇਸ ਵਟਾ ਕੇ ਲੋਕਾਂ ਵਿੱਚ ਕੌਣ ਜਾਂਦੇ ਹਨ ?
(i) ਤੋਤਾ ਅਤੇ ਮੈਨਾ (ii) ਬੁੱਢਾ ਅਤੇ ਜਵਾਨ (iii) ਰਾਜਾ ਅਤੇ ਵਜ਼ੀਰ (iv) ਕੋਈ ਵੀ ਨਹੀਂ
(8) ਬੇਬੇ ਰਾਮ ਭਜਨੀ ਦੇ ਪਤੀ ਦਾ ਕੀ ਨਾਂ ਹੈ ?
(i) ਰਾਮ ਦਾਸ (ii) ਸ਼ਾਮ ਦਾਸ (iii) ਮੋਹਨ ਲਾਲ (iv) ਉਪਰੋਕਤ ਸਾਰੇ
(9) ਮਿਲਖਾ ਸਿੰਘ ਫ਼ੌਜ ਵਿੱਚ ਕਦੋਂ ਭਰਤੀ ਹੋਇਆ ?
(i) 1976 (ii) 1960 (iii) 1955 (iv) 1952
(10) ਨਾਨਕ ਸਿੰਘ ਦਾ ਪਹਿਲਾ ਨਾਂ ਕੀ ਸੀ ?
(i) ਮਹਿਲ ਰਾਮ (ii) ਹੰਸ ਰਾਜ (iii) ਕੰਵਲ ਲਾਲ (iv) ਦੀਨ-ਦਿਆਲ